**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221, ਫੈਕਸ ਨੰ:0172-2212793**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਪੰਜਾਬ।

ਮੀਮੋ ਨੰ:1/54-2018 (ਟ੍ਰੇਨਿੰਗ) ਮਿਤੀ: 18-09-2018

**ਵਿਸ਼ਾ: ਹਿੰਦੀ ਵਿਸ਼ੇ ਦੇ ਨਵ-ਨਿਯੁਕਤ ਅਧਿਆਪਕਾਂ ਦੀ ਟ੍ਰੇਨਿੰਗ ਸੰਬੰਧੀ।**

1.0 ਸਿੱਖਿਆ ਵਿਭਾਗ ਪੰਜਾਬ ਵੱਲੋਂ ਹਾਲ ਹੀ ਵਿੱਚ 3582 ਭਰਤੀ ਅਧੀਨ ਹਿੰਦੀ ਅਧਿਆਪਕਾਂ ਨੂੰ ਮਿਤੀ 29-08-2018 ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ।

2.0 ਪੇਸ਼ਕਸ਼ ਪੱਤਰ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਦੀ ਟ੍ਰੇਨਿੰਗ ਸਕੂਲ Join ਕਰਨ ਤੋਂ ਪਹਿਲਾਂ ਮਿਤੀ 24-09-2018 ਅਤੇ 25-09-2018 ਨੂੰ ਕਰਵਾਈ ਜਾਣੀ ਹੈ। ਇਹਨਾਂ ਅਧਿਆਪਕਾਂ ਦੇ ਠਹਿਰਨ ਅਤੇ ਖਾਣੇ ਦਾ ਪ੍ਰਬੰਧ ਵਿਭਾਗ ਵੱਲੋਂ ਕੀਤਾ ਜਾਵੇਗਾ।

3.0 ਉਪਰੋਕਤ ਸੰਬੰਧੀ ਟ੍ਰੇਨਿੰਗ ਦਾ Schedule ਹੇਠ ਅਨੁਸਾਰ ਹੈ:

| ਮਿਤੀ | ਸਮਾਂ | ਸਥਾਨ |
|---|---|---|
| **ਮਿਤੀ 24-09-2018 ਅਤੇ 25-09-2018** | **ਸਵੇਰੇ 9.00 ਵਜੇ ਤੋਂ ਦੁਪਹਿਰ 3.00 ਵਜੇ ਤੱਕ** | **Baba Banda Singh Bahadur Engineering college, Fatehgarh Sahib** |

4.0 ਇਸ ਟ੍ਰੇਨਿੰਗ ਤੇ ਆਉਣ ਵਾਲਾ ਖਰਚਾ ਐਸ.ਐਸ.ਏ. ਦੇ ਟੀਚਰ ਟ੍ਰੇਨਿੰਗ ਫੰਡ ਵਿੱਚੋਂ ਡਾਇਟ ਫਤਿਹਗੜ੍ਹ ਸਾਹਿਬ ਵੱਲੋਂ ਕੀਤਾ ਜਾਵੇਗਾ। ਜਿਸ ਵਿੱਚ ਭਾਗ ਲੈਣ ਵਾਲੇ ਅਧਿਆਪਕ ਦੇ ਠਹਿਰਨ ਅਤੇ ਤਿੰਨ ਸਮੇਂ ਦੇ ਭੋਜਨ/ਚਾਹ ਦਾ ਪ੍ਰਬੰਧ ਕੀਤਾ ਜਾਣਾ ਹੈ।

5.0 ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਸਬੰਧਤ ਅਧਿਆਪਕਾਂ ਦਾ ਟ੍ਰੇਨਿੰਗ ਵਿੱਚ ਭਾਗ ਲੈਣਾ ਸੁਨਿਸ਼ਚਤ ਕਰਨਗੇ।

6.0 ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ ਸਮੂਹ ਨਵ-ਨਿਯੁਕਤ ਅਧਿਆਪਕ (ਹਿੰਦੀ) ਪੇਸ਼ਕਸ਼ ਪੱਤਰ ਦੀ ਕਾਪੀ ਅਤੇ ਆਈ.ਡੀ. ਪਰੂਫ ਲੈਕੇ ਆਉਣਗੇ। ਇਹਨਾਂ ਦਸਤਾਵੇਜ਼ ਤੋਂ ਬਿਨਾਂ ਟ੍ਰੇਨਿੰਗ ਵਿੱਚ ਭਾਗ ਲੈਣ ਦੀ ਇਜ਼ਾਜਤ ਨਹੀਂ ਹੋਵੇਗੀ। ਟ੍ਰੇਨਿੰਗ ਵਿੱਚ ਭਾਗ ਲੈਣਾ ਲਾਜਮੀ ਹੈ।

**ਸਹਾਇਕ ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 18-09-2018

ਉਤਾਰਾ:

1. ਡੀ.ਪੀ.ਆਈ. (ਸੈ.ਸਿ.), ਪੰਜਾਬ ਨੂੰ ਸੂਚਨਾ ਹਿੱਤ।
2. ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਫਤਿਹਗੜ੍ਹ ਸਾਹਿਬ।
3. ਪ੍ਰਿੰਸੀਪਲ ਡਾਇਟ, ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਫਤਿਹਗੜ੍ਹ ਸਾਹਿਬ ਦੇ ਸਹਿਯੋਗ ਨਾਲ ਟ੍ਰੇਨਿੰਗ ਦਾ ਸਥਾਨ ਅਤੇ ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ ਲਗਭਗ 350 ਅਧਿਆਪਕਾਂ ਦੇ ਠਹਿਰਨ, ਤਿੰਨ ਸਮੇਂ ਦੇ ਭੋਜਨ/ਚਾਹ ਆਦਿ ਦਾ ਸਮੂਚਾ ਪ੍ਰਬੰਧ ਕਰਨ ਹਿੱਤ।
4. ਸਬੰਧਤ ਨਵ-ਨਿਯੁਕਤ ਅਧਿਆਪਕ (ਹਿੰਦੀ), ਵੈਬ ਸਾਈਟ ਰਾਹੀਂ।

**ਸਹਾਇਕ ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**